ImmunizeBC HealthLinkBC

# ਬੀ.ਸੀ. ਦੇ ਬਾਲਗਾਂ, ਬਜ਼ੁਰਗਾਂ ਅਤੇ ਉੱਚ ਜੋਖਮ ਵਿਅਕਤੀਆਂ ਲਈ ਟੀਕਾਕਰਣ ਅਨੁਸੂਚੀ

| ਵੈਕਸੀਨ | ਬਾਲਗ | 65 ਸਾਲ ਅਤੇ ਵੱਧ | ਉੱਚ ਜੋਖਮ ਪ੍ਰੋਗਰਾਮ† |
|---|---|---|---|
| ਚਿਕਨਪੌਕਸ (ਵੈਰੀਸੈਲਾ) ਵੈਕਸੀਨ (#44b)[1] | ☑ | | |
| ਹੈਪੇਟਾਈਟਸ ਏ ਵੈਕਸੀਨ (#33) | | | ☑ |
| ਹੈਪੇਟਾਈਟਸ ਬੀ ਵੈਕਸੀਨ (#25a)[2] | ☑ | | ☑ |
| ਹਿਊਮਨ ਪੈਪੀਲੋਮਾਵਾਇਰਸ (ਐਚਪੀਵੀ) ਵੈਕਸੀਨਾਂ (101b)[3] | ☑ | | ☑ |
| ਇੰਨਐਕਟੀਵੇਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ (#12d)[4] | | ☑ | ☑ |
| ਮੀਜ਼ਲਜ਼,ਮੰਮਪਸ,ਰੁਬੈਲਾ (ਐਮ ਐਮ ਆਰ) ਵੈਕਸੀਨ (14a)[5] | ☑ | | |
| ਮੇਨਿੰਨਜੋਕੋਕਲ ਸੀ ਕੌਨਜੁਗੇਟ (ਮੇਨ-ਸੀ) ਵੈਕਸੀਨ (#23a)[6] | ☑ | | |
| ਮੇਨਿੰਨਜੋਕੋਕਲ ਕੁਆਡ੍ਰੀਵੇਲੈਂਟ ਵੈਕਸੀਨ (#23b) | | | ☑ |
| ਨਿਯੂਮੋਕੋਕਲ ਕੌਨਜੁਗੇਟ (ਪੀ ਸੀ ਵੀ 13) ਵੈਕਸੀਨ (#62a) | | | ☑ |
| ਨਿਯੂਮੋਕੋਕਲ ਪੌਲੀਸੈਕਰਾਇਡ ਵੈਕਸੀਨ (#62b) | | ☑ | ☑ |
| ਟੈੱਟਨਸ ਅਤੇ ਡਿਫਥੇਰੀਆ (ਟੀਡੀ )ਵੈਕਸੀਨ (#18a)[7] | ☑ | ☑ | |
| ਟੈਟਨਸ, ਡਿਪਥੀਰੀਆ ਅਤੇ ਪਰਟੂਸਿਸ (ਟੀਡੈਪ) ਵੈਕਸੀਨ (#18c)[8] | ☑ | | |

**ਨੋਟ:** ਟੀਕਾਕਰਣ ਅਨੁਸੂਚੀ ਬਦਲ ਸਕਦੀ ਹੈ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ, ਜਾਂ ਜੇ ਤੁਹਾਡੇ ਕੋਈ ਪ੍ਰਸ਼ਨ ਹੋਣ ਤਾਂ **8-1-1** 'ਤੇ ਕਾਲ ਕਰੋ। ਇਮਯੂਨਾਈਜ਼ੇਸ਼ਨ ਟੇਬਲ ਹੈਲਥਲਿੰਕਬੀਸੀ, ਬੀਸੀ ਮਿਨਿਸਟਰੀ ਆਫ਼ ਹੈਲਥ ਅਤੇ ਬੀਸੀ ਸੈਂਟਰ ਫੌਰ ਡਿਜ਼ੀਜ਼ ਕੰਟ੍ਰੋਲ ਦੁਆਰਾ ਵਿਕਸਤ ਕੀਤਾ ਗਿਆ ਅਤੇ ਇਸਦੀ ਸਮੀਖਿਆ ਕੀਤੀ ਗਈ।

† **ਉੱਚ ਜੋਖਮ ਪ੍ਰੋਗ੍ਰਾਮ:** ਬ੍ਰਿਟਿਸ਼ ਕੋਲੰਬੀਆ ਕੁਝ ਲੋਕਾਂ ਨੂੰ ਕਈ ਵੈਕਸੀਨਾਂ ਮੁਫ਼ਤ ਪ੍ਰਦਾਨ ਕਰਦਾ ਹੈ। ਜਿਵੇਂ ਕਿ ਪੁਰਾਣੀਆਂ ਬਿਮਾਰੀਆਂ ਜਾਂ ਕਮਜ਼ੋਰ ਪ੍ਰਤੀਰੱਖਿਅਣ ਪ੍ਰਣਾਲੀਆਂ ਵਾਲੇ ਮੁਫ਼ਤ ਵੈਕਸੀਨਾਂ ਪ੍ਰਾਪਤ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ ਜਾਂ **8-1-1** 'ਤੇ ਕਾਲ ਕਰੋ।

[1] ਜਿਨ੍ਹਾਂ ਬਾਲਗਾਂ ਦਾ ਟੀਕਾਕਰਣ ਨਹੀਂ ਹੋਇਆ, ਉਨ੍ਹਾਂ ਲਈ ਦੋ ਖ਼ੁਰਾਕਾਂ ਦੀ ਸਿਫਾਰਿਸ਼ ਕੀਤੀ ਗਈ ਹੈ।ਕੁਝ ਬਾਲਗਾਂ ਨੂੰ ਵੈਕਸੀਨ ਦੀ ਲੋੜ ਨਹੀਂ ਹੋ ਸਕਦੀ। ਜੇ ਤੁਹਾਨੂੰ 1 ਸਾਲ ਦੀ ਉਮਰ ਤੋਂ ਬਾਅਦ ਚਿਕਨਪੌਕਸ ਜਾਂ ਸ਼ਿੰਗਲਜ਼ ਦੀ ਬਿਮਾਰੀ ਹੋਈ ਸੀ ਅਤੇ 2004 ਤੋਂ ਪਹਿਲਾਂ ਇਹ ਬਿਮਾਰੀ ਸੀ, ਜਾਂ ਇਸ ਦੀ ਲੈਬ ਟੈਸਟ ਦੁਆਰਾ ਪੁਸ਼ਟੀ ਕੀਤੀ ਗਈ ਸੀ, ਤਾਂ ਤੁਹਾਨੂੰ ਵੈਕਸੀਨ ਦੀ ਲੋੜ ਨਹੀਂ ਹੈ।

[2] ਹੈਪੇਟਾਈਟਸ ਬੀ ਵੈਕਸੀਨ 1980 ਜਾਂ ਉਸ ਤੋਂ ਬਾਅਦ ਪੈਦਾ ਹੋਏ ਲੋਕਾਂ ਲਈ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਕਦੇ ਵੀ ਵੈਕਸੀਨ ਨਹੀਂ ਪ੍ਰਾਪਤ ਕੀਤੀ ਜਾਂ ਆਪਣੀ ਉਮਰ ਦੇ ਲਈ ਸਿਫਾਰਸ਼ ਕੀਤੀ ਗਿਣਤੀ ਦੀਆਂ ਖ਼ੁਰਾਕਾਂ ਪ੍ਰਾਪਤ ਨਹੀਂ ਕੀਤੀਆਂ ਹਨ।

[3] ਐਚਪੀਵੀ ਵੈਕਸੀਨ 26 ਸਾਲ ਅਤੇ ਘੱਟ ਉਮਰ ਦੇ ਯੋਗ ਬਾਲਗਾਂ ਲਈ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ।

[4] ਸਾਲਾਨਾ ਇੰਨਫਲੂਐਂਜ਼ਾ ਟੀਕਾਕਰਣ ਦੀ ਉਹਨਾਂ ਲੋਕਾਂ ਲਈ ਸਿਫਾਰਸ਼ ਕੀਤੀ ਜਾਂਦੀ ਹੈ ਜੋ ਇਨਫਲੂਐਂਜ਼ਾ ਤੋਂ ਗੰਭੀਰ ਬਿਮਾਰੀ ਹੋਣ ਦੇ ਉੱਚ ਜੋਖਮ ਵਾਲੇ ਹੁੰਦੇ ਹਨ। ਇਹ ਉਹਨਾਂ ਲੋਕਾਂ ਲਈ ਵੀ ਮੁਫਤ ਹੈ ਜੋ ਗੰਭੀਰ ਬੀਮਾਰੀ ਦੇ ਉੱਚ ਜੋਖਮ ਵਾਲੇ ਲੋਕਾਂ ਤੱਕ ਇੰਨਫਲੂਐਂਜ਼ਾ ਫੈਲਾ ਸਕਦੇ ਹਨ।

[5] ਜੇ 1970 ਜਾਂ ਉਸ ਤੋਂ ਬਾਅਦ ਪੈਦਾ ਹੋਏ ਕਿਸੇ ਵੀ ਵਿਅਕਤੀ ਨੇ ਟੀਕਾਕਰਣ ਨਹੀਂ ਕਰਵਾਇਆ ਜਾਂ ਉਸ ਨੂੰ ਮੀਜ਼ਲਜ਼, ਕੰਨ ਪੇੜੇ (ਮਮਪਸ) ਅਤੇ ਖਸਰਾ (ਰੁਬੈਲਾ) ਲਈ ਪ੍ਰਤੀਰੱਖਿਆ ਨਹੀਂ ਹੈ, ਤਾਂ ਉਸ ਨੂੰ ਐਮ.ਐਮ.ਆਰ. ਵੈਕਸੀਨ ਦੇ 2 ਖ਼ੁਰਾਕ ਮਿਲਣੇ ਚਾਹੀਦੇ ਹਨ।

[6] ਮੈਨ-ਸੀ ਵੈਕਸੀਨ 2002 ਤੋਂ ਪਹਿਲਾਂ ਪੈਦਾ ਹੋਏ ਲੋਕਾਂ ਲਈ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ, ਜੋ 24 ਸਾਲ ਦੀ ਉਮਰ ਦੇ ਹਨ ਅਤੇ ਜਿਨ੍ਹਾਂ ਨੂੰ 10 ਵੇਂ ਜਨਮਦਿਨ ਤੇ ਜਾਂ ਇਸ ਤੋਂ ਬਾਅਦ ਵੈਕਸੀਨ ਦੀ ਖੁਰਾਕ ਨਹੀਂ ਮਿਲੀ ਸੀ।

[7] ਟੀਡੀ ਵੈਕਸੀਨ ਉਨ੍ਹਾਂ ਬਾਲਗਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦਾ ਟੀਕਾਕਰਣ ਨਹੀਂ ਹੋਇਆ ਸੀ ਜਾਂ ਜਿਨ੍ਹਾਂ ਦੇ ਟੀਕਾਕਰਣ ਦਾ ਇਤਿਹਾਸ ਅਗਿਆਤ ਹੈ। ਸਾਰੇ ਬਾਲਗਾਂ ਲਈ ਵੈਕਸੀਨ ਦੀ ਇੱਕ ਬੂਸਟਰ ਡੋਜ਼ ਦੀ ਸਲਾਹ ਹਰੇਕ 10 ਸਾਲਾਂ ਬਾਅਦ ਕੀਤੀ ਜਾਂਦੀ ਹੈ।ਜੇ ਤੁਹਾਨੂੰ ਗੰਭੀਰ ਕੱਟ ਜਾਂ ਜ਼ਖ਼ਮ ਹੈ ਅਤੇ ਟੈਟਨਸ ਦੀ ਲਾਗ ਦੇ ਉੱਚ ਖਤਰੇ ਤੇ ਹੋ ਤਾਂ ਤੁਹਾਨੂੰ ਇਹ ਵੈਕਸੀਨ ਲਗਾਉਣ ਦੀ ਸਿਫਾਰਿਸ਼ ਕੀਤੀ ਜਾ ਸਕਦੀ ਹੈ।

[8] ਟੀਡੈਪ (Tdap) ਵੈਕਸੀਨ ਉਨ੍ਹਾਂ ਬਾਲਗਾਂ ਲਈ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਬਚਪਨ ਵਿਚ ਟੀਕਾਕਰਣ ਨਹੀਂ ਕੀਤਾ ਗਿਆ ਸੀ ਜਾਂ ਜਿਨ੍ਹਾਂ ਦਾ ਟੀਕਾਕਰਣ ਦਾ ਇਤਿਹਾਸ ਅਗਿਆਤ ਹੈ।ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਪਰ ਇਹ ਉਨ੍ਹਾਂ ਨੂੰ ਮੁਹੱਈਆ ਨਹੀਂ ਕੀਤੀ ਜਾਂਦੀ; 18 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਬਾਲਗ ਜਿਨ੍ਹਾਂ ਨੂੰ ਬਚਪਨ ਵਿੱਚ ਪਰਟੂਸਿਸ ਦੇ ਵਿਰੁੱਧ ਟੀਕਾ ਲਗਵਾਇਆ ਗਿਆ ਸੀ ਪਰ ਉਨ੍ਹਾਂ ਨੂੰ ਬਾਲਗ ਹੋਣ ਤੋਂ ਬਾਅਦ ਵਿੱਚ ਪਰਟੂਸਿਸ-ਸਮੇਤ ਵੈਕਸੀਨ ਨਹੀਂ ਮਿਲੀ; ਅਤੇ ਹਰੇਕ ਗਰਭ ਅਵਸਥਾ ਵਿਚ ਔਰਤਾਂ ਲਈ ਉਹਨਾਂ ਦੇ ਟੀਕਾਕਰਣ ਇਤਿਹਾਸ ਦੀ ਪਰਵਾਹ ਕੀਤੇ ਬਿਨਾਂ।